ਰੋਜ਼ਾਨਾ ਪੰਜਾਬੀ ਅਖ਼ਬਾਰ

# ਬੋਲ ਪ੍ਰਦੇਸਾਂ ਦੇ

07.06.2025

bolpardesade@Gmail.com

ਖ਼ਬਰਾਂ, ਰਚਨਾਵਾਂ, ਵੀਡੀਓ ਅਤੇ ਇਸ਼ਤਿਹਾਰ ਭੇਜਣ ਲਈ ਸੰਪਰਕ ਕਰੋ ਮੁੱਖ ਸੰਪਾਦਕ ਰੁਪਿੰਦਰ ਜੋਧਾਂ ਜਾਪਾਨ +81 8011222535

www.Bolpardesade.com

Reg. No. PB-12-0210588 | ਸਾਲ - 2 | ਮੁੱਖ ਸੰਪਾਦਕ - ਰੁਪਿੰਦਰ ਜੋਧਾਂ ਜਾਪਾਨ +818011222535 | MD - ਦਵਿੰਦਰ ਜੋਧਾਂ ਬੈਲਜੀਅਮ

## ਸਲਾਈਟ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਵਿਸ਼ਵ ਵਾਤਾਵਰਣ ਦਿਵਸ






ਲੌਂਗੋਵਾਲ,6 ਜੂਨ (ਜਗਸੀਰ ਸਿੰਘ)- ਭਾਰਤ ਸਰਕਾਰ ਦੀ ਪ੍ਰਮੁੱਖ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਸਲਾਈਟ ਡੀਮਡ ਯੂਨੀਵਰਸਿਟੀ) ਲੌਂਗੋਵਾਲ ਵਿਖੇ ਵਿਸ਼ਵ ਵਾਤਾਵਰਣ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮੇਂ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਲਗਭਗ 30 ਵਿਦਿਆਰਥੀਆਂ ਨੇ ਭਾਗ ਲਿਆ ਤੇ ਚੋਣ ਕੀਤੇ ਤਿੰਨ ਵਧੀਆ ਪੋਸਟਰਾਂ ਨੂੰ ਇਨਾਮ ਦਿੱਤੇ ਗਏ। ਇਸ ਸਮਾਗਮ ਵਿੱਚ ਸਲਾਈਟ ਦੇ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਨੇ ਮੁੱਖ ਮਹਿਮਾਨ ਅਤੇ ਕਨਵੀਨਰ ਪ੍ਰੋ. ਐੱਮ.ਐੱਮ. ਸਿਨਹਾ, ਡੀਨ (ਵਿਦਿਆਰਥੀ ਭਲਾਈ) ਨੇ ਕਨਵੀਨਰ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਵਾਤਾਵਰਣ ਅਤੇ ਧਰਤੀ ਵਿਗਿਆਨ ਵਿਭਾਗ ਤੋਂ ਪ੍ਰੋਫੈਸਰ ਯੋਗਲਕਸ਼ਮੀ ਕੇ.ਐਨ. ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗ਼ਮ ਦੀ ਸ਼ੁਰੂਆਤ ਰੁੱਖ ਲਗਾਉਣ ਦੀ ਮੁਹਿੰਮ ਨਾਲ ਹੋਈ ਜਿਸ ਵਿੱਚ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ,ਰਜਿਸਟਰਾਰ, ਐਸੋਸੀਏਟ ਰਜਿਸਟਰਾਰ, ਅਸਟੇਟ ਅਫ਼ਸਰ, ਡੀਨ, ਵਿਭਾਗਾਂ ਦੇ ਮੁਖੀ, ਫੈਕਲਟੀ ਮੈਂਬਰ, ਅਸਟੇਟ ਸਟਾਫ਼ ਅਤੇ ਬਾਗਬਾਨੀ ਵਿਭਾਗ ਦੇ ਕਾਮਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ । ਇਸ ਮੌਕੇ ਪ੍ਰਬੰਧਕੀ ਬਲਾਕ ,ਕੈਮੀਕਲ ਅਤੇ ਫੂਡ ਬਲਾਕ ਵਿੱਚ ਵੱਖ-ਵੱਖ ਕਿਸਮਾਂ ਦੇ ਕੁੱਲ 25 ਪੌਦੇ ਲਗਾਏ ਗਏ ।ਇਹ ਪੂਰਾ ਸਮਾਗਮ ਡਾ. ਸੁਬੀਤਾ ਭਗਤ ਅਤੇ ਡਾ. ਐੱਸ.ਐੱਮ. ਆਹੂਜਾ ਵੱਲੋਂ ਸੁਚੱਜੇ ਢੰਗ ਨਾਲ ਸੰਚਾਲਿਤ ਕੀਤਾ ਗਿਆ ।